ਇਹ ਨੋਟਿਸ ਤੁਹਾਨੂੰ CALIFORNIA ਕਾਨੂੰਨ ਦੇ ਤਹਿਤ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ

ਤੁਸੀਂ ਅਜਿਹੇ ਹਸਪਤਾਲ ਵਿਖੇ ਆਪਾਤਕਾਲ ਦੇਖਭਾਲ ਪ੍ਰਾਪਤ ਕੀਤੀ ਹੈ ਜੋ ਤੁਹਾਡੇ ਹੈਲਥ ਪਲਾਨ ਦੇ ਪ੍ਰਦਾਤਾ ਨੈੱਟਵਰਕ ਦਾ ਭਾਗ ਨਹੀਂ ਹੈ। ਸਟੇਟ ਕਾਨੂੰਨ ਦੇ ਤਹਿਤ, ਆਪਾਤਕਾਲ ਦੇਖਭਾਲ ਦਾ ਭੁਗਤਾਨ ਤੁਹਾਡੇ ਹੈਲਥ ਪਲਾਨ ਦੁਆਰਾ ਕਰਨਾ ਲਾਜ਼ਮੀ ਹੈ, ਭਾਵੇਂ ਤੁਸੀਂ ਕਿਤੇ ਵੀ ਉਸ ਦੇਖਭਾਲ ਨੂੰ ਪ੍ਰਾਪਤ ਕਰਦੇ ਹੋ। ਤੁਹਾਡੀ ਦੇਖਭਾਲ ਕਰ ਰਹੇ ਡਾਕਟਰ ਨੇ ਫੈਸਲਾ ਲਿਆ ਹੈ ਕਿ ਤੁਹਾਨੂੰ ਤੁਹਾਡੇ ਲਈ ਲੋੜੀਂਦੀ ਵਾਧੂ ਦੇਖਭਾਲ ਲਈ ਸੁਰੱਖਿਅਤ ਢੰਗ ਨਾਲ ਕਿਸੇ ਹੋਰ ਹਸਪਤਾਲ ਲਿਜਾਇਆ ਜਾ ਸਕਦਾ ਹੈ। ਕਿਉਂਕਿ ਤੁਹਾਨੂੰ ਹੁਣ ਆਪਾਤਕਾਲ ਦੇਖਭਾਲ ਦੀ ਲੋੜ ਨਹੀਂ ਹੈ, ਤੁਹਾਡੇ ਹੈਲਥ ਪਲਾਨ ਨੇ ਇਸ ਹਸਪਤਾਲ ਵਿੱਚ ਅਗਲੇਰੀ ਦੇਖਭਾਲ ਦਾ ਅਧਿਕਾਰ ਨਹੀਂ ਦਿੱਤਾ ਹੈ। ਤੁਹਾਡੇ ਹੈਲਥ ਪਲਾਨ ਨੇ ਤੁਹਾਨੂੰ ਕਿਸੇ ਹਸਪਤਾਲ 'ਤੇ ਲਿਜਾਉਣ ਦਾ ਬੰਦੋਬਸਤ ਕੀਤਾ ਹੈ ਜੋ ਤੁਹਾਡੇ ਹੈਲਥ ਪਲਾਨ ਦੇ ਪ੍ਰਦਾਤਾ ਨੈੱਟਵਰਕ ਅੰਦਰ ਹੁੰਦਾ ਹੈ। ਜੇ ਤੁਸੀਂ ਲਿਜਾਏ ਜਾਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਡਾ ਹੈਲਥ ਪਲਾਨ ਉਸ ਹਸਪਤਾਲ ਵਿਖੇ ਤੁਹਾਡੀ ਦੇਖਭਾਲ ਲਈ ਭੁਗਤਾਨ ਕਰੇਗਾ। ਤੁਹਾਨੂੰ ਸਿਰਫ਼ ਆਪਣੀਆਂ ਕਟੌਤੀ ਯੋਗ ਰਕਮਾਂ, ਸਹਿ-ਭੁਗਤਾਨਾਂ, ਜਾਂ ਦੇਖਭਾਲ ਲਈ ਸਹਿ-ਬੀਮੇ ਦਾ ਭੁਗਤਾਨ ਕਰਨਾ ਹੋਵੇਗਾ। ਤੁਹਾਨੂੰ ਤੁਹਾਡੇ ਹੈਲਥ ਪਲਾਨ ਦੁਆਰਾ ਕਵਰ ਕੀਤੇ ਗਏ ਕਿਸੇ ਹੋਰ ਹਸਪਤਾਲ 'ਤੇ ਆਵਾਜਾਈ ਦੀਆਂ ਲਾਗਤਾਂ ਲਈ ਤੁਹਾਡੀ ਕਟੌਤੀ-ਯੋਗ ਰਕਮ, ਸਹਿ-ਭੁਗਤਾਨਾਂ, ਜਾਂ ਸਹਿ-ਬੀਮੇ ਦਾ ਭੁਗਤਾਨ ਨਹੀਂ ਕਰਨਾ ਹੋਵੇਗਾ।

ਜੇ ਤੁਸੀਂ ਆਪਣੀ ਵਾਧੂ ਦੇਖਭਾਲ ਲਈ ਇਸ ਹਸਪਤਾਲ 'ਤੇ ਰੁੱਕਣਾ ਚੁਣਦੇ ਹੋ, ਤਾਂ ਤੁਹਾਨੂੰ ਹੁਣ ਦੇਖਭਾਲ ਦੀ ਪੂਰੀ ਲਾਗਤ ਦਾ ਭੁਗਤਾਨ ਕਰਨਾ ਹੋਵੇਗਾ ਕਿ ਤੁਹਾਨੂੰ ਹੁਣ ਲੋੜ ਆਪਾਤਕਾਲ ਦੇਖਭਾਲ ਦੀ ਲੋੜ ਨਹੀਂ ਹੁੰਦੀ ਹੈ। ਇਸ ਲਾਗਤ ਵਿੱਚ ਡਾਕਟਰ ਜਾਂ ਡਾਕਟਰਾਂ, ਹਸਪਤਾਲ, ਅਤੇ ਪ੍ਰਯੋਗਸ਼ਾਲਾ, ਰੇਡੀਓਲੋਜੀ, ਜਾਂ ਹੋਰ ਸੇਵਾਵਾਂ ਦੀ ਲਾਗਤ ਸ਼ਾਮਲ ਹੋ ਸਕਦੀ ਹੈ ਜੋ ਤੁਸੀਂ ਪ੍ਰਾਪਤ ਕਰਦੇ ਹੋ। ਜੇ ਤੁਹਾਨੂੰ ਇਹ ਨਹੀਂ ਲੱਗਦਾ ਕਿ ਤੁਹਾਨੂੰ ਸੁਰੱਖਿਅਤ ਢੰਗ ਨਾਲ ਲਿਜਾਇਆ ਜਾ ਸਕਦਾ ਹੈ, ਤਾਂ ਡਾਕਟਰ ਦੇ ਨਾਲ ਆਪਣੀਆਂ ਚਿੰਤਾਵਾਂ ਬਾਰੇ ਗੱਲ ਕਰੋ। ਜੇ ਤੁਹਾਨੂੰ ਵਾਧੂ ਮਦਦ ਦੀ ਲੋੜ ਹੋਵੇਗੀ, ਤਾਂ ਤੁਸੀਂ ਸੰਪਰਕ ਕਰ ਸਕਦੇ ਹੋ:

- ਤੁਹਾਡੇ ਹੈਲਥ ਪਲਾਨ ਦੇ ਸਦੱਸ ਸੇਵਾਵਾਂ ਦਾ ਵਿਭਾਗ। ਉਸ ਫ਼ੋਨ ਨੰਬਰ ਨੂੰ ਆਪਣੇ ਹੈਲਥ ਪਲਾਨ ਦੇ ਸਦੱਸ ਕਾਰਡ ਉੱਤੇ ਲੱਭੋ। ਤੁਸੀਂ ਆਪਣੇ ਪਲਾਨ ਬਾਰੇ ਉਲਾਂਭਾ ਦਾਇਰ ਕਰ ਸਕਦੇ ਹੋ।

- ਪ੍ਰਬੰਧਿਤ ਸਿਹਤ ਦੇਖਭਾਲ ਵਿਭਾਗ (Department of Managed Health Care) ਦੇ ਹੈਲਪ ਸੈਂਟਰ ਨਾਲ 1-888-466-2219 'ਤੇ। ਹੈਲਪ ਸੈਂਟਰ ਦਿਨ ਦੇ 7 ਦਿਨ, ਦਿਨ ਦੇ 24 ਘੰਟੇ ਉਪਲਬਧ ਹੈ। ਹੈਲਪ ਸੈਂਟਰ ਤੁਹਾਡੀਆਂ ਚਿੰਤਾਵਾਂ ਨੂੰ ਸੁਲਝਾਉਣ ਲਈ ਤੁਹਾਡੇ ਹੈਲਥ ਪਲਾਨ ਦੇ ਨਾਲ ਕੰਮ ਕਰ ਸਕਦਾ ਹੈ, ਪਰ ਜੇ ਤੁਸੀਂ ਰੁੱਕਦੇ ਹੋ ਤਾਂ ਤੁਹਾਨੂੰ ਹਾਲੇ ਵੀ ਇਸ ਹਸਪਤਾਲ ਵਿਖੇ ਦੇਖਭਾਲ ਦੀ ਪੂਰੀ ਲਾਗਤ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

ਜੇ ਤੁਹਾਡੇ ਕੋਲ ਇੱਕ Medicare ਹੈਲਥ ਪਲਾਨ ਹੈ, ਤਾਂ ਤੁਹਾਡੇ ਕੋਲ ਵਾਧੂ ਅਪੀਲ ਅਧਿਕਾਰ ਹੋ ਸਕਦੇ ਹਨ। ਜੇ ਤੁਹਾਡੇ Medicare ਹੈਲਥ ਪਲਾਨ ਦੁਆਰਾ ਤੁਹਾਨੂੰ ਕਿਸੇ ਹੋਰ ਹਸਪਤਾਲ 'ਤੇ ਭੇਜਣ ਦਾ ਫੈਸਲਾ ਲਿਆ ਜਾਂਦਾ ਹੈ, ਤਾਂ ਤੁਸੀਂ ਪਲਾਨ ਨੂੰ ਇਸ ਫੈਸਲੇ ਦੀ ਫਟਾਫਟ (ਤੇਜ਼ੀ ਨਾਲ) ਅਪੀਲ ਕਰਾਉਣ ਲਈ ਆਖ ਸਕਦੇ ਹੋ। ਤੁਹਾਡੇ ਹੈਲਥ ਪਲਾਨ ਲਈ ਤੁਹਾਨੂੰ ਫਟਾਫਟ ਫੈਸਲਾ ਸੁਣਾਉਣਾ ਲਾਜ਼ਮੀ ਹੁੰਦਾ ਹੈ। ਜੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ, ਤਾਂ ਆਪਣੇ ਹੈਲਥ ਪਲਾਨ ਨੂੰ ਕਾਲ ਜਾਂ ਫੈਕਸ ਕਰੋ, ਅਤੇ ਤੇਜ਼ੀ ਨਾਲ ਅਪੀਲ ਕਰਾਉਣ ਲਈ ਆਖੋ। ਕੋਈ ਹੋਰ ਵਿਅਕਤੀ, ਜਿਵੇਂ ਕਿ ਤੁਹਾਡਾ ਰਿਸ਼ਤੇਦਾਰ ਜਾਂਡਾਕਟਰ, ਤੁਹਾਡੇ ਲਈ ਕਾਲ ਜਾਂ ਫੈਕਸ ਕਰ ਸਕਦਾ ਹੈ। ਤੁਹਾਡਾ ਡਾਕਟਰ ਜਾਂ ਕੋਈ ਦੋਸਤ/ਰਿਸ਼ਤੇਦਾਰ ਤੁਹਾਡੇ ਲਈ ਕਾਲ ਜਾਂ ਫੈਕਸ ਕਰ ਸਕਦਾ ਹੈ ਜੇ ਤੁਸੀਂ ਲਿਖਤ ਵਿੱਚ ਆਪਣੀ ਇਜਾਜ਼ਤ ਦਿੰਦੇ ਹੋ - ਜਿਸਨੂੰ ਅਧਿਕਾਰ-ਸੌਂਪਣੀ ਕਹਿੰਦੇ ਹਨ। ਜੇ ਤੁਹਾਡੀ ਅਪੀਲ ਅਸਵੀਕਾਰ ਹੁੰਦੀ ਹੈ, ਤਾਂ Medicare ਤੁਹਾਡੇ ਹੈਲਥ ਪਲਾਨ ਤੋਂ ਬਾਹਰਲੇ ਕਿਸੇ ਸਮੀਖਿਅਕ ਵਲੋਂ ਤੁਹਾਡੇ ਮਾਮਲੇ ਦੀ ਸਵੈਚਲਿਤ ਢੰਗ ਨਾਲ ਸਮੀਖਿਆ ਕਰੇਗਾ। ਜੇ ਤੁਸੀਂ ਉਸ ਸਮੀਖਿਅਕ ਦੇ ਫੈਸਲੇ ਨਾਲ ਅਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਵਾਧੂ ਅਪੀਲ ਅਧਿਕਾਰਾਂ ਬਾਰੇ ਦੱਸਿਆ ਜਾਵੇਗਾ।